Diploma Programme
Programme du diplôme
Programa del Diploma

# Punjabi A: literature – Standard level – Paper 1
# Panjabi A : littérature – Niveau moyen – Épreuve 1
# Punyabí A: literatura – Nivel medio – Prueba 1

Wednesday 10 May 2017 (afternoon)
Mercredi 10 mai 2017 (après-midi)
Miércoles 10 de mayo de 2017 (tarde)

1 hour 30 minutes / 1 heure 30 minutes / 1 hora 30 minutos

---

### Instructions to candidates

- Do not open this examination paper until instructed to do so.
- Write a guided literary analysis on one passage only. In your answer you must address both of the guiding questions provided.
- The maximum mark for this examination paper is **[20 marks]**.

### Instructions destinées aux candidats

- N'ouvrez pas cette épreuve avant d'y être autorisé(e).
- Rédigez une analyse littéraire dirigée d'un seul des passages. Les deux questions d'orientation fournies doivent être traitées dans votre réponse.
- Le nombre maximum de points pour cette épreuve d'examen est de **[20 points]**.

### Instrucciones para los alumnos

- No abra esta prueba hasta que se lo autoricen.
- Escriba un análisis literario guiado sobre un solo pasaje. Debe abordar las dos preguntas de orientación en su respuesta.
- La puntuación máxima para esta prueba de examen es **[20 puntos]**.


© International Baccalaureate Organization 2017

International Baccalaureate
Baccalauréat International
Bachillerato Internacional

https://xtremepape.rs/

ਸਿਰਫ਼ ਇੱਕ ਬੰਦ ਦਾ ਨਿਰਦੇਸ਼ਿਤ ਸਾਹਿਤਕ ਵਿਸ਼ਲੇਸ਼ਣ ਕਰੋ। ਆਪਣੇ ਉੱਤਰ ਵਿੱਚ ਤੁਹਾਨੂੰ ਨਿਰਦੇਸ਼ਨ ਕਰਦੇ ਦਿੱਤੇ ਹੋਏ ਦੋਹਾਂ ਸਵਾਲਾਂ ਬਾਰੇ ਜ਼ਰੂਰ ਲਿਖਣਾ ਚਾਹੀਦਾ ਹੈ।

**1.**

"ਜੀ ਮੈ ਭੁੱਖਾ ਹਾਂ! ਹੇ ਬਾਪੂ ਜੀ!!! ਮੈ ਭੁੱਖਾ ਹਾਂ ਡਾਢਾ।" ਇਸ ਤਰ੍ਹਾਂ ਆਪਣੀ ਭੁਖ ਦਾ ਵਾਸਤਾ ਦ੍ਰਿੰਦਾ ਇਕ ਲੂੰ ਮੁੰਡਾ ਗਡੀ ਦੇਬਾਹਰ ਲਿਲ੍ਹਕ ਰਿਹਾ ਸੀ। ਉਹਦੀ ਉਮਰ ਮਸਾਂ ਤੇਰ੍ਹਾਂ-ਚੌਧਾਂ ਸਾਲ ਦੀ ਹੋਵੇਗੀ, ਇਸ ਤੋ ਜ਼ਿਆਦਾ ਨਹੀਂ।

ਕਈ ਲੋਕਾਂ ਨੇ ਉਹਨੂੰ ਝਿੜਕ ਕੇ, ਕਈ ਲੋਕਾਂ ਨੇ ਬੇਪ੍ਵਾਹੀ ਨਾਲ ਮੂੰਹ ਮੋੜ ਕੇ, ਕਈ ਲੋਕਾਂ ਨੇ ਮਾਫੀ ਮੰਗ ਕੇ, ਕਿਸੇ ਨਾ ਕਿਸੇ ਤਰ੍ਹਾਂ ਉਹਨੂੰ ਤ੍ਾਹ ਦਿਤਾ। ਪਿਛਲੇ ਕੁਝ ਮਿੰਟਾ ਤੋਂ ਉਹ ਸਾਡੀ ਖਿੜਕੀ ਦੇ ਬਾਹਰ ਖੜਾ ਸੀ। ਅੰਦਰ ਮੈ ਤੇ ਮੇਰੀ ਇਕ ਕਮਿਉਨਿਸਟ ਦੋਸਤ ਬੈਠੇ ਸਾਂ।

ਗਡੀ ਸੀ ਕਿ ਟੁਰਨ ਵਿਚ ਹੀ ਨਹੀਂ ਆਉਂਦੀ ਸੀ। ਅਸੀ ਇਕ ਪਹਾੜੀ ਕਸਬੇ ਜਹੇ ਵਿਚੋਂ ਚੜ੍ਹੇ ਸਾਂ, ਜਿਸ ਥਾਂ ਤੋਂ ਹੀ ਇਹ ਗਡੀ ਬਣੀ ਸੀ। ਇਥੋਂ ਹੀ ਦੇਰੀ ਨਾਲ ਚਲ ਰਹੀ ਸੀ।

"ਮੈ ਡਾਢਾ ਭੁੱਖਾ ਹਾਂ, ਬਾਬੂ ਜੀ !" ਮੰਗਤੇ ਮੁੰਡੇ ਦੀ ਆਵਾਜ ਅਜੇ ਵੀ ਬਾਹਰੋਂ ਆ ਰਹੀ ਸੀ।

ਮੈ ਮੰਨਦਾ ਹਾਂ ਕਿ ਮੰਗਣ ਦਾ ਇਸ ਤਰ੍ਹਾਂ ਦਾ ਢੰਗ ਬੜਾ ਮਾੜਾ ਹੈ ਤੇ ਦੇਸ ਵਿਚ ਇਹਨੂੰ ਕਿਸੇ ਤਰ੍ਹਾਂ ਘਟਾਣ ਦੀ ਕੋਸ਼ਿਸ਼ ਹੋਣੀ ਹੀ ਚਾਹੀਦੀ ਹੈ। ਮੈ ਇਹ ਵੀ ਮੰਨਦਾ ਹਾਂ ਕਿ ਇਸ ਕੋਸ਼ਿਸ਼ ਵਿਚ ਪੜ੍ਹੇ-ਲਿਖੇ ਸਮਝਦਾਰ ਲੋਕ ਹੀ ਅਗਵਾਈ ਦੇ ਸਕਦੇ ਹਨ। ਜਦੋਂ ਮੈ ਕਿਸੇ ਮੰਗਤੇ ਨੂੰ ਕੁਝ ਦਿੰਦਾ ਹਾਂ ਮੈਨੂੰ ਨਿਸਚਾ ਹੁੰਦਾ ਹੈ ਕੀ ਨਾ ਮੈ ਮੰਗਤੇ ਵਾਲੇ ਦਾ ਤੇ ਨਾ ਆਪਣਾ ਕੋਈ ਭਲਾ ਕਰ ਰਿਹਾ ਹਾਂ, ਤੇ ਨਾ ਹੀ ਇਸ ਵਿਚ ਆਪਣੇ ਦੇਸ ਦੀ ਗ਼ੁਰਬਤ ਦਾ ਕੋਈ ਹਲ ਮੈਨੂੰ ਸੁਝਾਈ ਦਿੰਦਾ ਹੈ। ਪਰ ਤਾਂ ਵੀ ਜਦੋਂ ਵੀ ਮੈਥੋਂ ਕੋਈ ਮੰਗੇ; ਜੋ ਕੁਝ ਹੋ ਸਕੇ ਮੈ ਜ਼ਰੂਰ ਦੇ ਦਿਦਾ ਹਾਂ। ਖ਼ਬਰੇ ਇਸ ਲਈ ਕਿ ਮੈਥੋ ਨਾਂਹ ਨਹੀਂ ਹੁੰਦੀ, ਖ਼ਬਰੈ ਇਸ ਲਈ ਕਿ ਜਿਸ ਤਰ੍ਹਾਂ ਕਈ ਲੋਕ ਝਾੜ ਕੇ, ਕਈ ਲੋਕ ਮਾਫ਼ੀ ਮੰਗ ਕੇ, ਕਿਸੇ ਮੰਗਤੇ ਤੋਂ ਛੁਟਕਾਰਾ ਪਾਂਦੇ ਹਨ, ਮੈ ਉਸਨੂੰ ਕੁਝ ਦੇ ਕੇ ਪਿਛੋਂ ਲਾਹ ਦਿੰਦਾ ਹਾਂ। ਜ਼ਿਆਦਾ ਤੋਂ ਜ਼ਿਆਦਾ ਮੇਰੇ ਆਪੇ ਦਾ ਇਸ ਮਾਮਲੇ ਵਿਚ ਜੋ ਦਖ਼ਲ ਹੁੰਦਾ ਹੈ, ਉਹ ਇਹ ਹੈ ਕਿ ਕਿਸੇ ਮੰਗਤੇ ਨੂੰ ਖ਼ਾਲੀ ਮੋੜ ਕੇ ਜਿਹੜੀ ਮੈਨੂੰ ਮਾਨਸਿਕ ਤਕਲੀਫ ਹੁੰਦੀ, ਉਹਨੂੰ ਕੁਝ ਦੇ ਕੇ ਮੈ ਉਸ ਤੋਂ ਬਚ ਜਾਂਦਾ ਹਾਂ। ਜਿਸ ਤਰ੍ਹਾਂ ਕਿਸੇ ਤੇ ਗੁੱਸਾ ਹੋ ਕੇ ਪਿਛੋਂ ਮੈਨੂੰ ਕਮਜ਼ੋਰੀ ਮਹਿਸੂਸ ਹੁੰਦੀ ਹੈ, ਬਿਲਕੁਲ ਇਉਂ ਹੀ ਕਿਸੇ ਮੰਗਤੇ ਨੂੰ ਨਾਂਹ ਕਰਕੇ ਮੈਨੂੰ ਉਸਦੇ ਜਾਣ ਤੋਂ ਬਾਅਦ ਘਬਰਾਹਟ ਹੋਣ ਲਗ ਪੈਂਦੀ ਹੈ।

ਮੇਰੇ ਨਾਲ ਦੀ ਸੀਟ ਤੇ ਬੈਠੀ ਮੇਰੀ ਦੋਸਤ ਕਾਫੀ ਨਿਰੋਏ ਤੇ ਮੰਜੀ ਹੋਈ ਸੀ ! ਉਹਦੀਆਂ ਕੀਮਤਾਂ ਸੁਲਝੀਆਂ, ਮਿਣੀਆਂ-ਤੋਲੀਆਂ, ਅਜ਼ਮਾਈਆਂ ਤੇ ਕਸਵਟੀ ਉਤੇ ਪਰਖੀਆਂ ਹੋਈਆਂ ਸਨ। ਇਹ ਲੋਕ ਘੜੀ ਦੀ ਘੜੀ ਲਈ ਜਜ਼ਬਾਤੀ ਨਹੀ ਹੁੰਦੇ।

"ਮੈ ਭੁਖਾ ਹਾਂ ਡਾਢਾ, ਬਾਬੂ ਜੀ !" ਮੰਗਤਾ ਅਜੇ ਵੀ ਬਾਹਰ ਖੜਾ ਲਿਲ੍ਹਕ ਰਿਹਾ ਸੀ। ਮੈ ਇੱਕੱਲਾ ਹੁੰਦਾ ਤਾਂ ਕਦੋਂ ਦਾ ਉਹਨੂੰ ਕੁਝ ਦੇ ਕੇ ਟੋਰ ਦਿੰਦਾ, ਪਰ ਮੈਨੂੰ ਡਰ ਸੀ ਨਾਲ ਬੈਠੀ ਆਪਣੀ ਦੋਸਤ ਦਾ। ਮੰਗਤੇਨੂੰ ਕੇ ਪਿਛੋਂ ਲਾਹ ਦਿਆਂਗੇ ਪਰ ਆਪਣੀ ਸਾਥਣ ਦੀ ਖ਼ਫਗੀ ਉਹਨਾ ਇਕ ਤਰ੍ਹਾਂ ਦਾ ਜਾਇਜ਼ ਰੋਸ ਮੈਨੂੰ ਕਾਫੀ ਸ਼ਸ਼ੋ-ਪੰਜ ਵਿਚ ਪਾ ਰਿਹਾ ਸੀ।

"ਹੇ ਬਾਬੂ ਜੀ, ਮੈ ਭੁਖਾ ਹਾਂ।" ਅਜੇ ਵੀ ਉਸਦੀ ਆਵਾਜ਼ ਆ ਰਹੀ ਸੀ।

ਮੇਰਾ ਹੱਥ ਆਪ ਹੀ ਆਪ ਮੇਰੀ ਜੇਬ ਵਲ ਗਿਆ। ਇਕ ਘੜੀ ਦੀ ਘੜੀ ਲਈ ਮੈ ਇਕ ਜੱਕੇ-ਤੱਕੇ ਵਿਚ ਉਲਝ ਗਿਆ।

ਮੇਰੇ ਚਿਹਰੇ ਤੇ ਕਿਤਨੇ ਚਿਰ ਤੋਂ ਕਸ਼ਮਕਸ ਵੇਖ ਰਹੀ, ਮੇਰੀ ਤਬੀਅਤ ਦੀ ਮਜਬੂਰੀ ਤੇ ਮੇਰੀ ਦੋਸਤਾ ਦਾ ਹਾਸਾ ਨਿਕਲ ਗਿਆ। ਮੈ ਇਕ ਦਮ ਇਕ ਆਨਾ ਉਸ ਮੰਗਤੇ ਦੀ ਤਲੀ ਤੇ ਸੁਟਿਆ ਤੇ ਸੁਖ ਠੰਡਾ ਦਾ ਸਾਹ ਲਿਆ।

ਕਿਤਨਾ ਚਿਰ ਅਸੀ ਏਧਰ-ਉਧਰ ਦੀਆਂ ਗੱਲਾਂ ਕਰਦੇ ਰਹੇ। ਮੇਰੀ ਕਮਜੋਰੀ ਨੂੰ ਮੇਰੀ ਸਿਆਣੀ ਦੋਸਤ ਨੇ ਨਾ ਗੌਲਿਆ, ਨਾ ਮੈਨੂੰ ਸ਼ਰਮਿਦਾ ਕੀਤਾ। ਇਸ ਵਾਰ ਉਸ ਨੇ ਇਤਨਾ ਵੀ ਨਾ ਕਿਹਾ ਕੀ ਇੰਜ ਕਿਸੇ ਲੋੜਵੰਦਨੂੰ ਦਾਨ ਦੇ ਕੇ ਅਸੀ "ਬੂਰਜ਼ੁਆ" ਲੋਕ ਗ਼ਰੀਬਾਂ ਦੀ ਹੱਤਕ ਕਰਦੇ ਹਾਂ। "ਇਨ੍ਹਹਾਂ ਲੋਕਾਂ ਨੂੰ ਭੁੱਖਾ ਮਰਣ ਦਿਉ, ਇਨ੍ਹਹਾਂ ਨਾਲ ਝੂਠੀ ਹਮਦਰਦੀ ਕਦੀ ਨਾ ਕਰੋ। ਤਾਂਹੀਓ ਇਹ ਲੋਕ ਤਿਆਰ ਹੋਣਗੇ ਕਿ ਕਦੀ ਆਪਣੀ ਆਵਾਜ਼ ਉਠਾ ਸਕਣ, ਆਪਣੇ ਹੱਕਾਂ ਦੀ ਮੰਗ ਕਰ ਸਕਣ... ।" ਇਸ ਤਰ੍ਹਾਂ ਦਾ ਇਕ ਲੰਮਾ ਸਾਰਾ ਲੈਕਚਰ।

ਕਰਤਾਰ ਸਿੰਘ ਦੁੱਗਲ, "ਮੈਂ ਭੁੱਖਾ ਹਾਂ", *ਮੇਰੀਆਂ ਸ੍ਰੇਸ਼ਟ ਕਹਾਣੀਆਂ* (1994)

https://xtremepape.rs/

(ੳ) ਉਪਰੋਕਤ ਪੈਰੇ ਵਿੱਚ ਇਸ ਦੇ ਮੁੱਖ ਵਿਸ਼ੇ-ਵਸਤੁ ਨੂੰ ਕਿਵੇਂ ਦਰਸਾਇਆ ਗਿਆ ਹੈ। ਟਿਪਣੀ ਕਰੋ।

(ਅ) ਉਪਰੋਕਤ ਪੈਰੇ ਵਿੱਚ ਸ਼ੈਲੀਗਤ ਜੁਗਤਾਂ ਨੂੰ ਕਿਸ ਤਰ੍ਹਾਂ ਅਤੇ ਕਿਸ ਪਧੱਰ ਤੱਕ ਵਰਤਿਆ ਗਿਆ ਹੈ। ਚਰਚਾ ਕਰੋ।



https://xtremepape.rs/

**2.**

ਅਸੀਂ ਜਿਨ੍ਹਾਂ ਨੇ ਯੁੱਧ ਨਹੀਂ ਕੀਤਾ
ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ
ਉਂਜ ਅਸੀਂ ਸਦਾ ਸਾਊ ਬਣਨਾ ਲੋਚਦੇ ਰਹੇ
ਅਸੀਂ ਦੋ ਰੋਟੀਆਂ ਤੇ ਮਾੜੀ ਜਿਹੀ ਰਜਾਈ ਬਦਲੇ
ਯੁੱਧ ਦੇ ਆਕਾਰ ਨੂੰ ਸੰਗੋੜਨਾ ਚਾਹਿਆ,
ਅਸੀਂ ਬੇਅਣਖੀ ਦੀਆਂ ਤੰਦਾਂ 'ਚ ਅਮਨ ਵਰਗਾ ਕੁਝ ਉਣਦੇ ਰਹੇ
ਅਸੀਂ ਬਰਛੀ ਦੇ ਵਾਂਗ ਹੱਡਾਂ ਵਿਚ ਖੁਭੇ ਹੋਏ ਸਾਲਾਂ ਨੂੰ ਉਮਰ ਕਹਿੰਦੇ ਰਹੇ
ਜਦ ਹਰ ਘੜੀ ਕਿਸੇ ਬਿਫਰੇ ਸ਼ਰੀਕ ਵਾਂਗ ਸਿਰ 'ਤੇ ਗੜ੍ਹਕਦੀ ਰਹੀ
ਅਸੀਂ ਸੰਦੂਕ ਵਿਚ ਲੁਕ-ਲੁਕ ਕੇ ਯੁੱਧ ਨੂੰ ਟਾਲਦੇ ਰਹੇ।

ਯੁੱਧ ਤੋਂ ਬਚਣ ਦੀ ਲਾਲਸਾ 'ਚ ਬਹੁਤ ਨਿੱਕੇ ਹੋ ਗਏ ਅਸੀਂ
ਕਦੇ ਤਾਂ ਹੰਭੇ ਪਿਓ ਨੂੰ 'ਅੰਨ ਖਾਣੇ ਬੁੜ੍ਹੇ' ਦਾ ਨਾਮ ਦਿੱਤਾ
ਕਦੇ ਫਿਕਰਾਂ ਗ੍ਰਸੀ ਤੀਵੀਂ ਨੂੰ 'ਚੁੜੇਲ' ਦਾ ਸਾਇਆ ਕਿਹਾ
ਸਦਾ ਦਿਸਹੱਦੇ 'ਤੇ ਨੀਲਾਮੀ ਦੇ ਦ੍ਰਿਸ਼ ਤਰਦੇ ਰਹੇ
ਤੇ ਅਸੀਂ ਸੁਬਕ ਜਹੀਆਂ ਧੀਆਂ ਦੀਆਂ ਅੱਖਾ 'ਚ ਅੱਖ ਪਾਉਣੇ ਡਰੇ
ਯੁੱਧ ਸਾਡੇ ਸਿਰਾਂ ਤੇ ਆਕਾਸ਼ ਵਾਂਗ ਛਇਆ ਰਿਹਾ
ਅਸੀਂ ਧਰਤੀ 'ਚ ਪੁੱਟੇ ਭੋਰਿਆਂ ਨੂੰ ਮੋਰਚੇ ਵਿਚ ਬਦਲਣੇ ਜਕਦੇ ਰਹੇ।

ਡਰ ਕਦੇ ਸਾਡੇ ਹੱਥਾਂ 'ਤੇ ਵਗਾਰ ਬਣ ਕੇ ਉੱਗ ਆਇਆ
ਡਰ ਕਦੇ ਸਾਡੇ ਸਿਰਾਂ ਉੱਤੇ ਪੱਗ ਬਣ ਕੇ ਸਜ ਗਿਆ
ਡਰ ਕਦੇ ਸਾਡੇ ਮਨਾਂ ਅੰਦਰ ਸੂਰਜ ਬਣ ਕੇ ਮਹਿਕਿਆ
ਡਰ ਕਦੇ ਰੂਹਾਂ 'ਚ ਸੱਜਣਤਾਈ ਬਣ ਗਿਆ
ਕਦੇ ਬੁੱਲ੍ਹਾਂ 'ਤੇ ਚੁਗਲੀ ਬਣ ਕੇ ਬੁਰੜਾਇਆ
ਅਸੀਂ ਹੇ ਜ਼ਿੰਦਗੀ, ਜਿਨ੍ਹਾਂ ਯੁੱਧ ਨਹੀਂ ਕੀਤਾ
ਤੇਰੇ ਬੜੇ ਮੱਕਾਰ ਪੁੱਤ ਹਾਂ।

ਅਵਤਾਰ ਸਿੰਘ ਸੰਧੂ 'ਪਾਸ਼', "ਯੁੱਧ ਤੇ ਸ਼ਾਂਤੀ", *ਸੰਪੂਰਨ ਪਾਸ਼ ਕਾਵਿ* (2000)

(ੳ) ਕਵੀ ਦੁਆਰਾ ਕਿਹੜੀਆਂ ਵਿਧੀਆਂ ਨਾਲ ਕਵਿਤਾ ਦੇ ਕੇਂਦਰੀ ਨੁਕਤਿਆਂ ਨੂੰ ਪ੍ਰਗਟਾਇਆ ਗਿਆ ਹੈ। ਚਰਚਾ ਕਰੋ।

(ਅ) ਕਵੀ ਦੁਆਰਾ ਭਾਸ਼ਾ, ਰੂਪਕ ਅਤੇ ਹੋਰ ਸ਼ੈਲੀਗਤ ਜੁਗਤਾਂ ਦੀ ਵਰਤੋਂ ਉੱਪਰ ਟਿਪਣੀ ਕਰੋ।

https://xtremepape.rs/